# ਨਾਬਾਲਗਾਂ ਦਾ ਧਿਆਨ ਖਿੱਚਦੀ ਪੈਕਿੰਗ

## ਕੀ ਤੁਸੀਂ ਜਾਣਦੇ ਸੀ?

ਓਰੇਗੋਨ ਰਾਜ ਵਿੱਚ ਇਹ ਕਾਨੂੰਨ ਹੈ ਕਿ ਹਰ ਕਿਸਮ ਦੇ ਇਨਹੇਲੈਂਟ ਡਿਲੀਵਰੀ ਸਿਸਟਮ (IDS), ਜਿਨ੍ਹਾਂ ਨੂੰ ਆਮ ਤੌਰ 'ਤੇ ਈ-ਸਿਗਰਟ ਕਿਹਾ ਜਾਂਦਾ ਹੈ, ਨੂੰ ਅਜਿਹੇ ਤਰੀਕੇ ਪੈਕ ਨਹੀਂ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਬਾਲਗ ਇਸ ਵੱਲ ਖਿੱਚੇ ਜਾਣ (ਓਰੇਗੋਨ ਸੋਧਤ ਕਨੂੰਨ (ORS) 431A.175(2)(f))। IDS ਦੀ ਪੈਕਿੰਗ ਨਾਲ ਜੁੜੀਆਂ ਸ਼ਰਤਾਂ ਸੰਬੰਧੀ ਪਰਿਭਸ਼ਾਵਾਂ ਬਾਰੇ ਜਾਣਨ ਲਈ ਓਰੇਗੋਨ ਪ੍ਰਬੰਧਕੀ ਨਿਯਮ (OAR) 333-015-0305 ਅਤੇ OAR 333-015-0357 ਦੇਖੋ। **1 ਜੁਲਾਈ 2024 ਤੋਂ**, ਓਰੇਗਨ ਸਿਹਤ ਅਥਾਰਟੀ (OHA) ਦਾ ਤਮਾਕੂ ਵਿਕਰੀ ਲਾਇਸੰਸ ਪ੍ਰੋਗਰਾਮ **ਪਾਲਣਾ ਨਾਲ ਜੁੜੇ ਵੱਖ-ਵੱਖ ਕਿਸਮ ਦੇ ਨਿਰੀਖਣਾਂ ਰਾਹੀਂ ਇਸ ਕਨੂੰਨ ਦੀ ਪਾਲਣਾ ਕਰਾਉਣਾ ਸ਼ੁਰੂ ਕਰੇਗਾ।**

## IDS ਦੀ ਕਿਸ ਤਰ੍ਹਾਂ ਦੀ ਪੈਕਿੰਗ ਨੂੰ ਨਾਬਾਲਗਾਂ ਦਾ ਧਿਆਨ ਖਿੱਚਦੀ ਮੰਨਿਆ ਜਾਂਦਾ ਹੈ

ਪੈਕਿੰਗ ਦੀਆਂ ਅਜਿਹੀਆਂ ਖਾਸੀਅਤਾਂ, ਜੋ ਨਾਬਾਲਗਾਂ ਨੂੰ ਵਾਜਬ ਤਰੀਕੇ ਆਪਣੇ ਵੱਲ ਖਿੱਚਦੀਆਂ ਹਨ, ਇਸ ਵਿੱਚ ਇਹ ਸਭ ਸ਼ਾਮਲ ਹਨ, ਪਰ ਸਿਰਫ ਇਹਨਾਂ ਤੱਕ ਹੀ ਸੀਮਤ ਨਹੀਂ ਹਨ:

- ਕਿਸੇ ਵੀ ਜਾਨਵਰ ਦੀ ਸ਼ਕਲ, ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ, ਖੇਡ ਦਾ ਸਮਾਨ, ਵਪਾਰਕ ਤੌਰ 'ਤੇ ਮਸ਼ਹੂਰ ਕੈਂਡੀ ਜਾਂ ਫਿਰ ਨਾਬਾਲਗਾਂ ਦੀਆਂ ਤਸਵੀਰਾਂ; ਜਾਂ
- ਪੈਕਿੰਗ ਨਾਲ ਨੱਥੀ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ, ਖੇਡ ਦਾ ਸਮਾਨ ਜਾਂ ਫਿਰ ਵਪਾਰਕ ਤੌਰ 'ਤੇ ਮਸ਼ਹੂਰ ਕੈਂਡੀ।

OAR 333-015-0357 ਦੇਖੋ।

## ਪਾਲਣਾ ਨਿਰੀਖਣਾਂ ਦੇ ਦੌਰਾਨ ਕੀ ਉਮੀਦ ਕੀਤੀ ਜਾਵੇ

ਨਿਰੀਖਣ ਦੌਰਾਨ, ਪਾਲਣਾ ਮਾਹਰ IDS ਦੇ ਨਮੂਨੇ ਵੱਲ ਦੇਖਣਗੇ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਵੇਚਿਆ ਜਾ ਰਿਹਾ ਉਤਪਾਦ, IDS ਦੀਆਂ ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਦੇ ਨਿਯਮ (OAR 333-015-0357) ਦੀ ਪਾਲਣਾ ਕਰਦਾ ਹੈ ਜਾਂ ਨਹੀਂ। ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ ਪੈਕਿੰਗ ਨਾਲ ਜੁੜੀਆਂ ਖ਼ਾਸ ਸ਼ਰਤਾਂ ਬਾਰੇ ਜਾਣਨ ਲਈ OAR 333-015-0357 ਦੇਖੋ।

## ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ IDS ਦੀ ਪੈਕਿੰਗ ਦੀਆਂ ਉਦਾਹਰਣਾਂ







ਉਤਪਾਦ ਦੀ ਸ਼ਕਲ ਜਾਨਵਰ ਵਰਗੀ ਹੋਵੇ ਅਤੇ ਕੋਈ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣਾ ਹੋਵੇ।







ਉਤਪਾਦ ਦੀ ਸ਼ਕਲ ਕਿਸੇ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣੇ ਵਰਗੀ ਹੋਵੇ।







ਉਤਪਾਦ ਦੀ ਸ਼ਕਲ ਕਿਸੇ ਵਪਾਰਕ ਤੌਰ 'ਤੇ ਮਸ਼ਹੂਰ ਖਿਡੌਣੇ ਵਰਗੀ ਹੋਵੇ।

## ਸਾਡੇ ਨਾਲ ਜੁੜੋ

OHA ਚਾਹੁੰਦੀ ਹੈ ਕਿ ਸਾਰੇ ਰੀਟੇਲਰਾਂ ਕੋਲ ਹਰ ਉਹ ਜ਼ਰੂਰੀ ਜਾਣਕਾਰੀ ਹੋਵੇ, ਜੋ ਉਹਨਾਂ ਨੂੰ ਕਨੂੰਨ ਦਾ ਸਫਲਤਾਪੂਰਵਕ ਪਾਲਣ ਕਰਨ ਲਈ ਚਾਹੀਦੀ ਹੈ। ਨਾਬਾਲਗਾਂ ਦਾ ਧਿਆਨ ਖਿੱਚਣ ਵਾਲੀ IDS ਪੈਕਿੰਗ ਬਾਰੇ ਭਵਿੱਖ ਵਿੱਚ ਹੋਣ ਵਾਲੇ ਅੱਪਡੇਟਾਂ ਅਤੇ ਘੋਸ਼ਣਾਵਾਂ ਬਾਰੇ ਜਾਣਨ ਲਈ ਆਪਣਾ ਤਮਾਕੂ ਵਿਕਰੀ ਲਾਇਸੰਸ ਸਮਾਚਾਰ-ਪੱਤਰ ਦੇਖੋ।

OHA ਦੇ ਪਾਲਣਾ ਨਿਰੀਖਣਾਂ ਅਤੇ ਲਾਗੂਕਰਨ ਬਾਰੇ ਸਵਾਲਾਂ ਲਈ: Tobacco.Inspections@odhsoha.oregon.gov, 971-673-2283. ਰੀਟੇਲਰਾਂ ਵਾਸਤੇ ਜ਼ਿਆਦਾ ਜਾਣਕਾਰੀ ਅਤੇ ਸਰੋਤਾਂ ਤੱਕ ਪਹੁੰਚ ਲਈ: Healthoregon.org/tobaccoretailsales.

ਤੁਸੀਂ ਇਹ ਦਸਤਾਵੇਜ਼ ਹੋਰਨਾਂ ਭਾਸ਼ਾਵਾਂ, ਵੱਡੇ ਪ੍ਰਿੰਟ, ਬ੍ਰੇਲ ਲਿਪੀ ਜਾਂ ਆਪਣੀ ਪਸੰਦ ਦੇ ਰੂਪ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ। ਤਮਾਕੂ ਵਿਕਰੀ ਲਾਇਸੈਂਸ ਪ੍ਰੋਗਰਾਮ ਨਾਲ Tobacco.Inspections@odhsoha.oregon.gov 'ਤੇ ਜਾਂ 971-673-2283 (ਵੋਇਸ/ਟੈਕਸਟ) 'ਤੇ ਸੰਪਰਕ ਕਰੋ। ਅਸੀਂ ਸਾਰੀਆਂ ਦੂਰ-ਸੰਚਾਰ ਕਾਲਾਂ ਸਵੀਕਾਰ ਕਰਦੇ ਹਾਂ।